Alberta **ਨਿਊਜ਼** ਰਿਲੀਜ਼

# ਜਨਤਕ ਵਿੱਤ ਪ੍ਰਾਪਤ ਡਾਇਗਨੌਸਟਿਕ ਇਮੇਜਿੰਗ ਤੱਕ ਬਿਹਤਰ ਪਹੁੰਚ

28 ਸਤੰਬਰ, 2022

## ਹੋਰ ਸਿਹਤ ਪ੍ਰਦਾਤਾਵਾਂ ਨੂੰ ਬੀਮਾਯੁਕਤ DI ਸੇਵਾਵਾਂ ਲਈ ਰੈਫਰ ਕਰਨ ਦੀ ਇਜਾਜ਼ਤ ਦੇਣ ਵਾਲੇ ਬਦਲਾਅ ਦੇ ਕਾਰਨ ਅਲਬਰਟਾ ਵਾਸੀਆਂ ਦੀ ਡਾਇਗਨੌਸਟਿਕ ਇਮੇਜਿੰਗ (DI) ਸੇਵਾਵਾਂ ਤੱਕ ਵਧੇਰੇ ਪਹੁੰਚ ਹੋਵੇਗੀ।

ਕਾਇਰੋਪ੍ਰੈਕਟਰਸ, ਫਿਜ਼ੀਓਥੈਰੇਪਿਸਟ ਅਤੇ ਆਡੀਓਲੋਜਿਸਟ ਦੁਆਰਾ ਰੈਫਰ ਕੀਤੀਆਂ ਗਈਆਂ, ਡਾਕਟਰੀ ਤੌਰ 'ਤੇ ਲੋੜੀਂਦੀਆਂ DI ਸੇਵਾਵਾਂ ਜਿਵੇਂ ਕਿ ਐਕਸ-ਰੇ, ਅਲਟਰਾਸਾਊਂਡ ਅਤੇ ਫਲੋਰੋਸਕੋਪੀਜ਼ ਦਾ ਹੁਣ ਅਲਬਰਟਾ ਹੈਲਥ ਕੇਅਰ ਇੰਸ਼ੋਰੈਂਸ ਪਲਾਨ ਅਧੀਨ ਬੀਮਾ ਕੀਤਾ ਜਾਵੇਗਾ।

"ਇਹ ਬਦਲਾਅ ਮੁੱਢਲੀ ਸਿਹਤ ਸੰਭਾਲ ਦੀਆਂ ਰੁਕਾਵਟਾਂ ਨੂੰ ਦੂਰ ਕਰਨ ਅਤੇ ਦਬਾਵਾਂ ਨੂੰ ਘਟਾਉਣ ਬਾਰੇ ਹੈ। ਵਧੇਰੇ ਸਿਹਤ ਪੇਸ਼ੇਵਰਾਂ ਨੂੰ ਸੇਵਾਵਾਂ ਲਈ ਜਨਤਕ ਵਿੱਤ ਪ੍ਰਦਾਨ ਕੀਤੇ DI ਰੈਫਰਲ ਪ੍ਰਦਾਨ ਕਰਨ ਨਾਲ ਸਿਸਟਮ ਵਿੱਚ ਭੀੜ-ਭੜੱਕਾ ਘੱਟਗਾ ਅਤੇ ਮਰੀਜ਼ਾਂ ਦੀ ਪਹੁੰਚ ਵਿੱਚ ਸੁਧਾਰ ਹੋਵੇਗਾ ਇਸ ਤਰ੍ਹਾਂ ਨਿਦਾਨ ਅਤੇ ਇਲਾਜ ਵਿੱਚ ਦੇਰੀ ਨਹੀਂ ਹੋਵੇਗੀ।"

*ਜੇਸਨ ਕੌਪਿੰਗ, ਸਿਹਤ ਮੰਤਰੀ*

ਮੌਜੂਦਾ ਨੀਤੀ ਦੇ ਤਹਿਤ, ਸਰਕਾਰ ਦੁਆਰਾ ਭੁਗਤਾਨ ਕੀਤੀਆਂ ਜਾਂਦੀਆਂ DI ਸੇਵਾਵਾਂ ਲਈ ਰੈਫਰਲ ਪ੍ਰਾਪਤ ਕਰਨ ਲਈ ਮਰੀਜ਼ਾਂ ਨੂੰ ਇੱਕ ਡਾਕਟਰ ਨੂੰ ਲਾਜ਼ਮੀ ਤੌਰ 'ਤੇ ਮਿਲਣਾ ਚਾਹੀਦਾ ਹੈ। ਇਹ ਬਦਲਾਅ ਮਰੀਜ਼ਾਂ ਲਈ ਬੀਮਾਯੁਕਤ ਸੇਵਾਵਾਂ ਤੱਕ ਪਹੁੰਚ ਕਰਨਾ, ਤਾਲਮੇਲ ਵਾਲੀ ਦੇਖਭਾਲ ਨੂੰ ਵਧਾਉਣਾ ਅਤੇ ਸਿਹਤ ਪ੍ਰਣਾਲੀ 'ਤੇ ਪੈਂਦੇ ਦਬਾਵਾਂ ਨੂੰ ਘਟਾਉਣ ਵਿੱਚ ਮਦਦ ਕਰੇਗਾ।

ਵਧੇਰੇ ਸਿਹਤ ਪੇਸ਼ੇਵਰਾਂ ਨੂੰ ਬੀਮਾਯੁਕਤ DI ਸੇਵਾਵਾਂ ਲਈ ਰੈਫ਼ਰਲ ਪ੍ਰਦਾਨ ਕਰਨ ਦੀ ਇਜਾਜ਼ਤ ਦੇਣ ਨਾਲ ਇਹਨਾਂ ਸਿਹਤ ਪ੍ਰਦਾਤਾਵਾਂ ਨੂੰ ਉਹਨਾਂ ਦੀ ਸਿੱਖਿਆ, ਹੁਨਰ ਅਤੇ ਤਜ਼ਰਬੇ ਦੀ ਪੂਰੀ ਹੱਦ ਤੱਕ ਕੰਮ ਕਰਨ ਦੀ ਇਜਾਜ਼ਤ ਮਿਲੇਗੀ।

ਇਹ ਬਦਲਾਅ ਸਿਰਫ਼ DI ਸੇਵਾਵਾਂ, ਜਿਵੇਂ ਕਿ ਐਕਸ-ਰੇ, ਅਲਟਰਾਸਾਊਂਡ ਅਤੇ ਫਲੋਰੋਸਕੋਪੀਜ਼ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਲਈ ਕਾਇਰੋਪਰੈਕਟਰ, ਫਿਜ਼ੀਓਥੈਰੇਪਿਸਟ ਅਤੇ ਆਡੀਓਲੋਜਿਸਟ ਰੈਫਰ ਕਰਨ ਦੇ ਯੋਗ ਹੁੰਦੇ ਹਨ। DI ਸੇਵਾਵਾਂ ਜਿਵੇਂ ਕਿ CT ਸਕੈਨ ਅਤੇ MRIs ਇਸ ਬਦਲਾਅ ਨਾਲ ਪ੍ਰਭਾਵਿਤ ਨਹੀਂ ਹੁੰਦੇ ਹਨ।

ਅਲਬਰਟਾ ਹੈਲਥ ਇਸ ਬਦਲਾਅ ਨੂੰ ਚਾਲੂ ਕਰਨ ਲਈ ਬਿਲਿੰਗ ਸਿਸਟਮ ਨੂੰ ਅੱਪਡੇਟ ਕਰਨ 'ਤੇ ਕੰਮ ਕਰ ਰਹੀ ਹੈ। ਜਦੋਂ ਸੂਚਨਾ ਤਕਨਾਲੋਜੀ ਦੇ ਬਦਲਾਅ ਪੂਰੇ ਹੋ ਜਾਣਗੇ ਤਾਂ ਇੱਕ ਮੈਡੀਕਲ ਬੁਲੇਟਿਨ ਜਾਰੀ ਕੀਤਾ ਜਾਵੇਗਾ।